
## ਪੈਪ ਟੈਸਟ ਕੀ ਹੈ?



ਪੈਪ ਟੈਸਟ, ਬੱਚੇਦਾਨੀ ਦੇ ਹੇਠਲੇ ਹਿੱਸੇ ‘ਤੇ ਮੂੰਹ (ਸਰਵੀਕਸ) ‘ਤੇ ਆਈਆਂ ਅਸਾਧਾਰਣ ਤਬਦੀਲੀਆਂ ਦਾ ਪਤਾ ਲਾ ਸਕਦਾ ਹੈ। ਆਈਆਂ ਤਬਦੀਲੀਆਂ ਦਾ ਸ਼ੁਰੂ ਵਿਚ ਹੀ ਇਲਾਜ ਕਰਕੇ ਬੱਚੇਦਾਨੀ ਦੇ ਹੇਠਲੇ ਹਿੱਸੇ ‘ਤੇ ਮੂੰਹ ਦੇ ਕੈਂਸਰ ਨੂੰ ਰੋਕਿਆ ਜਾ ਸਕਦਾ ਹੈ। ਪੈਪ ਟੈਸਟ ਮੁਫ਼ਤ ਹੈ।




## ਸਰਵੀਕਸ ਕੀ ਹੈ?

ਸਰਵੀਕਸ, ਬੱਚੇਦਾਨੀ ਦੇ ਹੇਠਲੇ ਹਿੱਸੇ ਵੱਲ ਖੁੱਲ੍ਹਣ ਵਾਲਾ ਮੂੰਹ ਹੈ। ਜਦੋਂ ਬੱਚੇ ਜੰਮਦੇ ਹਨ, ਤਾਂ ਉਹ ਇਸੇ ਮੂੰਹ (ਸਰਵੀਕਸ) ਰਾਹੀਂ ਬਾਹਰ ਆਉਂਦੇ ਹਨ।

## ਅਸਾਧਾਰਣ ਤਬਦੀਲੀਆਂ ਕਿਸ ਕਰਕੇ ਹੁੰਦੀਆਂ ਹਨ?

ਹਿਊਮਨ ਪੈਪੀਲੋਮਾਵਾਇਰਸ ਜਾਂ HPV ਜਿਨਸੀ ਤੌਰ ‘ਤੇ ਫੈਲਣ ਵਾਲਾ ਇਕ ਬਹੁਤ ਆਮ ਵਾਇਰਸ ਹੈ, ਜਿਸ ਨਾਲ ਔਰਤ ਦੀ ਬੱਚੇਦਾਨੀ ਦੇ ਮੂੰਹ ‘ਤੇ ਅਸਾਧਾਰਣ ਤਬਦੀਲੀਆਂ ਹੋ ਸਕਦੀਆਂ ਹਨ। ਕਈ ਵਾਰੀ, HPV ਕਾਰਣ ਹੋਣ ਵਾਲੀਆਂ ਤਬਦੀਲੀਆਂ ਕੈਂਸਰ ਵਾਲੀਆਂ ਹੋ ਸਕਦੀਆਂ ਹਨ। ਪੈਪ ਟੈਸਟ, ਇਹਨਾਂ ਅਸਾਧਾਰਣ ਤਬਦੀਲੀਆਂ ਦਾ ਕੈਂਸਰ ਬਣਨ ਤੋਂ ਪਹਿਲਾਂ ਪਤਾ ਲਾ ਸਕਦਾ ਹੈ।

## ਕੀ ਮੈਨੂੰ ਪੈਪ ਟੈਸਟ ਕਰਾਉਣ ਦੀ ਲੋੜ ਹੈ?

ਉਹਨਾਂ ਸਾਰੀਆਂ ਔਰਤਾਂ ਦਾ ਨੇਮ ਨਾਲ ਪੈਪ ਟੈਸਟ ਹੋਣਾ ਚਾਹੀਦਾ ਹੈ, ਜੋ ਕਦੀ ਵੀ ਜਿਨਸੀ ਤੌਰ ‘ਤੇ (ਜਿਨਸੀ ਸੰਭੋਗ ਅਤੇ ਨਜ਼ਦੀਕੀ ਸੰਪਰਕ ਨਾਲ) ਸਰਗਰਮ ਰਹੀਆਂ ਹਨ।

## ਮੈਨੂੰ ਕਿੰਨੀ ਵਾਰੀ ਪੈਪ ਟੈਸਟ ਕਰਾਉਣਾ ਚਾਹੀਦਾ ਹੈ?

ਤੁਹਾਨੂ ਪੇਪ ਟੇਸਟ 21 ਸਾਲ ਦੀ ਉਮਰ ਤੋ ਸ਼ੁਰੂ ਕਰਕੇ , ਹਰ 3 ਸਾਲ ,69 ਦੀ ਉਮਰ ਤਕ ਕਰਾਉਣਾ ਚਾਹਿਦਾ ਹੈ .

## HPV ਟੀਕਾ ਕੀ ਹੈ?

HPV ਟੀਕਾ, HPV ਦੀਆਂ ਕਈ ਕਿਸਮਾਂ ਤੋਂ ਬਚਾਅ ਕਰ ਸਕਦਾ ਹੈ, ਜਿਹਨਾਂ ਕਰਕੇ ਸਰਵਾਈਕਲ ਕੈਂਸਰ ਹੁੰਦਾ ਹੈ। ਟੀਕਾ ਮੌਜੂਦਾ HPV ਲਾਗਾਂ ਦਾ ਇਲਾਜ ਨਹੀਂ ਕਰਦਾ। ਜੇ ਤੁਸੀਂ ਟੀਕਾ ਲੁਆਉਂਦੇ ਹੋ, ਤਾਂ ਤੁਹਾਨੂੰ ਅਜੇ ਵੀ ਨੇਮ ਨਾਲ ਪੈਪ ਟੈਸਟਾਂ ਦੀ ਲੋੜ ਹੈ।

## ਪੈਪ ਟੈਸਟ ਲਈ ਮੈਂ ਕਿਥੇ ਜਾ ਸਕਦੀ ਹਾਂ?

ਆਪਣੇ ਡਾਕਟਰ ਜਾਂ ਨਰਸ ਨੂੰ ਕਹੋ, ਆਪਣੇ ਸਥਾਨਕ ਸਿਹਤ ਕੇਂਦਰ ਨਾਲ ਸੰਪਰਕ ਕਰੋ, ਜਾਂ ਸਾਡੀ ਵੈਬਸਾਈਟ ‘ਤੇ ਜਾਓ GetCheckedManitoba.ca

ਜੇ ਔਰਤਾਂ ਅਸਾਧਾਰਣ ਤਬਦੀਲੀਆਂ ਦਾ ਰਿਕਾਰਡ ਰਖਕੇ ਨੇਮ ਨਾਲ ਪੈਪ ਟੈਸਟ ਕਰਾਉਣ ਤਾਂ ਜ਼ਿਆਦਾਤਰ ਸਰਵੀਕਲ ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ,।

### ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

**CervixCheck, CancerCare Manitoba**
**#5-25 Sherbrook Street**
**Winnipeg, Manitoba R3C 2B1**

ਟੈਲੀਫ਼ੋਨ: 204-788-8626
ਟੋਲ ਫ੍ਰੀ: 1-855-952-4325
CervixCheck@cancercare.mb.ca
GetCheckedManitoba.ca

CancerCareManitoba
CervixCheck